# ਗੁਰੂ ਨਾਨਕ ਬਾਣੀ : ਅੰਧ ਵਿਸ਼ਵਾਸਾਂ ਤੋਂ ਮੁਕਤੀ

**ਡਾ. ਇੰਦਰਜੀਤ ਸਿੰਘ ਗੋਗੋਆਣੀ**

ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ
✆ 98159-85559

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਵਿਸ਼ਵ ਦੇ ਰਹਿਬਰ, ਜਗਤ ਗੁਰ ਬਾਬਾ, ਪ੍ਰਭੂ ਦੇ ਸਰਗੁਣ ਸਰੂਪ, ਇਨਕਲਾਬੀ ਰਹਿਬਰ, ਮਾਨਵੀ ਏਕਤਾ ਦੇ ਅਲੰਬਰਦਾਰ, ਰੂਹਾਨੀ ਕੀਰਤੀ ਦੇ ਕਰਤਾ, ਮਹਾਨ ਯਾਤਰੀ, ਅਗਿਆਨ ਅੰਧਕਾਰ ਦੇ ਵਿਨਾਸ਼ਕ, ਆਧੁਨਿਕ ਬੋਧ ਦੇ ਪਿਤਾਮਾ, ਯੁੱਗ ਪਰਿਵਰਤਕ, ਕੁਦਰਤ ਪ੍ਰੇਮੀ, ਅਕਾਲ ਰੂਪ ਬਾਬਾ, ਪੰਜਾਬੀ ਭਾਸ਼ਾ ਨੂੰ ਮਾਣ ਬਖਸ਼ਣ ਵਾਲੇ, ਸੰਗਤ-ਪੰਗਤ ਦੇ ਸੰਸਥਾਪਕ, ਸੰਵਾਦ ਕਲਾ ਦੇ ਦਾਤੇ, ਮਹਾਨ ਗੋਸ਼ਟੀਕਾਰ, ਸ਼ਬਦ ਗੁਰੂ ਦੀ ਕਲਾ ਵਰਤਾਉਣ ਵਾਲੇ ਆਦਿ ਬੇਅੰਤ ਸਤਿਕਾਰਤ ਵਿਸ਼ੇਸ਼ਣਾ ਨਾਲ ਯਾਦ ਕੀਤਾ ਜਾਂਦਾ ਹੈ। ਪਰ ਉਹਨਾਂ ਦੀਆਂ ਮਹਾਨ ਬਖਸ਼ਿਸ਼ਾਂ ਸਾਹਵੇਂ ਇਹ ਸ਼ਬਦ ਕਈ ਵਾਰ ਫਿਰ ਵੀ ਅਪੂਰਨ ਜਾਪਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਕਾਲ ਦੇ ਹਾਲਾਤ ਸਬੰਧੀ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 23ਵੀਂ ਪਉੜੀ ਵਿਚ ਕਲਿਜੁਗ ਦਾ ਵਰਣਨ ਹੈ:

*ਕਲਿ ਜੁਗ ਬੋਧੁ ਅਉਤਾਰ ਹੈ ਬੋਧ ਅਬੋਧ ਨ ਦ੍ਰਿਸ਼ਟੀ ਆਵੈ।।*
*ਕੋਇ ਨ ਕਿਸੀ ਵਰਜਈ ਸੋਈ ਕਰੇ ਜੋਈ ਮਨ ਭਾਵੈ।।*

ਭਾਵ ਕਲਿਜੁਗ ਵਿਚ ਬੋਧ ਪ੍ਰਸਤੀ ਤਾਂ ਹੈ ਪਰ ਗਿਆਨ-ਅਗਿਆਨ (ਬੋਧ-ਅਬੋਧ) ਨਜ਼ਰ ਨਹੀਂ ਆਉਂਦਾ। ਇਸ ਦਾ ਕਾਰਨ ਕੋਈ ਕਿਸੇ ਨੂੰ ਵਰਜਦਾ ਨਹੀਂ ਤੇ ਜੋ ਕਿਸੇ ਦਾ ਮਨ ਕਰਦਾ ਉਹ ਮਨਿਮੱਤ ਅਨੁਸਾਰ ਕਰੀ ਜਾ ਰਿਹਾ ਹੈ। ਇਸ ਵਰਤਾਰੇ ਦਾ ਆਮ ਜਨ ਜੀਵਨ ਅਤੇ ਸਮਾਜ ਉਪਰ ਕੀ ਪ੍ਰਭਾਵ ਸੀ:

*ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।*
*ਰਾਜ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।*
*ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।*
*ਵਰਤਿਆ ਪਾਪ ਸਭਸ ਜਸ ਮਾਹੀ ।।* (ਪਉੜੀ:੩੦)

ਭਾਵ ਕਲਜੁਗ ਦੀ ਦ੍ਰਿਸ਼ਟੀ ਕੁੱਤੇ ਮੂੰਹੀ ਹੋ ਗਈ ਤੇ ਖਾਣਾ (ਖਾਜ) ਪਰਾਇਆ ਹੱਕ ਮੁਰਦਾਰ ਹੋ ਗਿਆ। ਪਰਜਾ ਨੂੰ ਪਾਲਣਹਾਰੇ ਰਾਜੇ ਪਾਪ ਕਮਾ ਰਹੇ ਸਨ ਅਤੇ ਇਹ ਤਾਂ ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਸੀ। ਪਰਜਾ-ਗਿਆਨ ਤੋਂ ਬਗੈਰ ਅੰਨ੍ਹੀ ਹੋਈ ਕੂੜ ਕੁਫਰ ਮੁੱਖੋਂ ਬੋਲ ਰਹੀ ਸੀ। ਤੱਤਸਾਰ ਕਿ ਸਾਰੇ ਪਾਸੇ ਪਾਪ ਦਾ ਵਰਤਾਰਾ ਸੀ। ਅਜਿਹੇ ਧੁੰਧੂਕਾਰ ਵਿਚ ਅਕਾਲ ਪੁਰਖ ਦੀ ਕਲਾ ਵਰਤੀ:

*ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।।*

(ਪਉੜੀ: ੨੩)

ਉਸ ਸਮੇਂ ਦੇ ਸਮੁੱਚੇ ਹਾਲਾਤ ਸਬੰਧੀ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਉਂ ਅੰਕਤ ਕੀਤਾ ਹੈ:

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।*
*ਹਉ ਭਾਲਿ ਵਿਕੁੰਨੀ ਹੋਈ। ਆਧੇਰ ਰਾਹੁ ਨ ਕੋਈ।।* (ਰਾਗ ਮਾਝ, ਪਹਲਾ ੧, ਅੰਗ ੧੪੫)

ਭਾਵ ਕਲਿਜੁਗ ਦਾ ਸਮਾਂ ਛੁਰੀ ਹੈ ਅਤੇ ਰਾਜੇ ਕਸਾਈ ਹਨ, ਧਰਮ ਖੰਭ ਲਾ ਕੇ ਉਡ ਗਿਆ ਹੈ। ਝੂਠ-ਮੱਸਿਆ ਦੀ ਹਨੇਰੀ ਰਾਤ ਵਾਂਗ ਹੈ ਤੇ ਸੱਚ ਰੂਪ ਚੰਦਰਮਾ ਕਿਧਰੇ ਚੜ੍ਹਿਆ ਨਜ਼ਰ ਹੀ ਨਹੀਂ ਆਉਂਦਾ। ਬਿਹਬਲ ਆਤਮਾ ਸੱਚ ਨੂੰ ਲੱਭਣ ਲਈ ਵਿਆਕੁਲ (ਵਿਕੁੰਨੀ) ਹੈ, ਪਰ ਇਸ ਹਨੇਰੇ ਵਿਚ ਰਾਹ ਨਹੀਂ ਦਿੱਸ ਰਿਹਾ।

ਅਜਿਹੇ ਵਰਤਾਰੇ ਵਿਚ ਸਤਿਗੁਰਾਂ ਨੇ ਸਮੂਹ ਮਾਨਵਤਾ ਨੂੰ ਮਹਾਨ ਉਪਦੇਸ਼ ਬਖਸ਼ਿਸ਼ ਕੀਤੇ। ਸਤਿਗੁਰਾਂ ਦੇ ਜੀਵਨ ਦਾ ਹਰ ਪਲ, ਹਰ ਸਾਖੀ, ਹਰ ਸ਼ਬਦ ਸਦੀਵ ਕਾਲ ਮਾਨਵਤਾ ਲਈ ਪ੍ਰੇਰਨ ਸ਼ਕਤੀ ਹੈ। ਅਸੀਂ ਹਥਲੇ ਲੇਖ ਵਿਚ ਫੋਕਟ ਕਰਮ ਕਾਂਡਾਂ ਤੇ ਅੰਧ ਵਿਸ਼ਵਾਸਾਂ ਦੇ ਵਿਸ਼ੇ ਨੂੰ ਚੁਣਿਆਂ ਹੈ ਕਿ ਗੁਰੂ ਨਾਨਕ ਬਾਣੀ ਵਿਚ ਮਾਨਵਤਾ ਨੂੰ ਅਜਿਹੇ ਮਾਨਸਿਕ ਬੋਝ ਤੋਂ ਕਿਵੇਂ ਮੁਕਤੀ ਦਾ ਉਪਦੇਸ਼ ਮਿਲਦਾ ਹੈ।


ISSN : 2395-1273

ਯੁੱਗ ਕੋਈ ਵੀ ਹੋਵੇ ਅੰਧ ਵਿਸ਼ਵਾਸਾਂ ਦੀ ਧੁੰਦ ਕਿਸੇ ਸਮਾਜ ਲਈ ਸਭ ਤੋਂ ਵਧ ਖ਼ਤਰਨਾਕ ਤੇ ਸ਼ੋਸ਼ਣਕਾਰੀ, ਹੁੰਦੀ ਹੈ। ਗੁਰਬਾਣੀ ਦੇ ਸਰਬਕਾਲੀ ਅਰਥ ਆਪ ਹੀ ਸਪੱਸ਼ਟ ਹੋ ਜਾਣਗੇ ਜੇ ਕਰ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਬਾਣੀ ਅਨੁਸਾਰ ਲੋਕ ਭਰਮਾਂ ਤੇ ਅੰਧ ਵਿਸ਼ਵਾਸਾਂ ਦੇ ਵਿਸ਼ੇ ਦੀ ਵਿਚਾਰ ਕਰੀਏ। ਇਹ ਗੁਰੂ ਨਾਨਕ ਬਾਣੀ ਰੂਪੀ ਅਮੁੱਲ ਉਪਦੇਸ਼ ਰੂਹਾਨੀ ਤੇ ਸਫਲ ਜੀਵਨ ਜੁਗਤ ਲਈ ਸਮੁੱਚੇ ਸਮਾਜ ਨੂੰ ਅੰਧ ਵਿਸ਼ਵਾਸਾਂ ਤੋਂ ਵੀ ਮੁਕਤ ਕਰਦੇ ਹਨ। ਸਾਡੇ ਸਮਾਜ ਵਿਚ ਬੁਰੇ ਕਾਰਜ ਦੀ ਸਿੱਧੀ ਲਈ ਕੀਤਾ ਜਾਂਦਾ ਕਾਰਜ 'ਕਾਲਾ ਇਲਮ ਤੇ ਭਲੇ ਕਾਰਜ ਦੀ ਸਿੱਧੀ ਲਈ ਕੀਤੇ ਜਾਂਦੇ ਕਾਰਜ ਲਈ 'ਚਿੱਟਾ ਇਲਮ' ਸ਼ਬਦ ਪ੍ਰਚਲਤ ਹੈ। ਕਾਲੇ ਇਲਮ ਵਿਚ ਤਿੰਨ ਪ੍ਰਕਾਰ ਦੀ ਵਿੱਦਿਆ ਹੈ, 'ਜੰਤਰ, ਮੰਤਰ ਤੇ ਤੰਤਰ। ਮਹਾਨ ਕੋਸ਼ ਅਨੁਸਾਰ ਜੰਤਰ ਤੰਤ੍ਰਸ਼ਾਸਤ੍ਰ ਅਨੁਸਾਰ ਟੂਣਾ, ਮੰਤਰ ਕਾਰਜਸਿਧੀ ਲਈ ਜਪਣਯੋਗ ਸ਼ਬਦ ਅਤੇ ਤੰਤਰ ਜਾਦੂ ਟੂਣਾ ਹੈ। ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਆਪਣੀ ਬਾਣੀ ਵਿਚ ਇਸ ਅੰਧ ਵਿਸ਼ਵਾਸ ਭਰਪੂਰ ਲੋਕ ਮਨਾਉਤ ਨੂੰ ਇਸ ਤਰ੍ਹਾਂ ਵਰਣਨ ਕੀਤਾ ਕਿ ਮੈਂ ਤੰਤਰ-ਮੰਤਰ ਆਦਿ ਪਾਖੰਡ ਕਰਮ ਨੂੰ ਕੁਝ ਨਹੀਂ ਜਾਣਦਾ, ਕਿਉਂਕਿ ਨਿਰਭਉ ਪ੍ਰਭੂ ਦਾ ਨਾਮ ਸਾਡੇ ਹਿਰਦੇ ਵਿਚ ਹੈ। ਫ਼ਰਮਾਨ ਹੈ:

*ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ।।*
*ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ।।* (ਸੂਹੀ ਮਹਲਾ ੧, ਅੰਗ ੭੭੬)

ਇਸ ਮਨਾਉਤ ਦੇ ਨਾਲ ਇਕ ਹੋਰ ਵੱਡਾ ਅੰਧ ਵਿਸ਼ਵਾਸ ਲੋਕ ਮਾਨਸਿਕਤਾ ਵਿਚ ਘਰ ਕਰ ਚੁੱਕਾ ਸੀ ਜੋ ਕਬਰਾਂ-ਮੜ੍ਹੀਆਂ ਦੇ ਨਾਉਂ ਉਤੇ ਮੁਰਦਿਆਂ ਦੀ ਪੂਜਾ ਕੀਤੀ ਜਾਂਦੀ ਸੀ ਤੇ ਕਈ ਜਗ੍ਹਾ ਅੱਜ ਵੀ ਹੋ ਰਹੀ ਹੈ। ਮੁਰਦੇ ਵਿਚਾਰਾਂ ਨਾਲ ਮੁਰਦੇ ਪੂਜਣ ਦੀ ਭਾਵਨਾ ਕਿਸੇ ਸਮਾਜ ਦੇ ਵਿਕਾਸ ਵਿਚ ਵੱਡੀ ਰੁਕਾਵਟ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਅਨੇਕ ਪ੍ਰਕਾਰ ਦੇ ਭਰਮ ਤੇ ਅੰਧ ਵਿਸ਼ਵਾਸ ਸਿਰਜ ਕੇ ਡਰੂ ਬਿਰਤੀ ਵਾਲਾ ਬਣ ਜਾਂਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਦੀ ਸੋਚ ਵਾਲੇ ਅੰਧ-ਵਿਸ਼ਵਾਸੀਆਂ ਪ੍ਰਤੀ ਉਪਦੇਸ਼ ਦਿੱਤਾ ਹੈ :

*ਦੁਬਿਧਾ ਨਾ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।।*
*ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ।।*

(ਸੋਰਠਿ ਮਹਲਾ ੧, ਅੰਗ ੬੩੪)

ਇਸ ਤਰ੍ਹਾਂ ਡਰਪੋਕ ਮਾਨਸਿਕਤਾ ਵਾਲਾ ਸਮਾਜ ਕਬਰਾਂ, ਮੜ੍ਹੀਆਂ, ਮਸਾਣਾਂ ਉਤੇ ਦੁੱਧ-ਖੀਰ ਜਾਂ ਸ਼ਰਾਬ ਦੇ ਚੜ੍ਹਾਵੇ ਚੜ੍ਹਾਉਂਦਾ ਹੈ। ਜੀਵ-ਜੰਤੂਆਂ ਦੀ ਬਲੀ ਤੋਂ ਲੈ ਕੇ ਮਨੁੱਖੀ ਬੱਚਿਆਂ ਦੀ ਬਲੀ ਦੇਣ ਤੱਕ ਦੀਆਂ ਖ਼ਬਰਾਂ ਵੀ ਸਾਡੇ ਸਮਾਜ ਵਿਚੋਂ ਅਕਸਰ ਮਿਲਦੀਆਂ ਹਨ, ਜੋ ਅੱਜ ਵੀ ਸੱਭਿਅਕ ਸਮਾਜ ਦੇ ਮੱਥੇ 'ਤੇ ਕਲੰਕ ਹਨ। ਐਸੇ ਸਮਾਜ ਦੀ ਤਸਵੀਰ ਪੇਸ਼ ਕਰਦਿਆਂ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਫ਼ਰਮਾਉਂਦੇ ਹਨ :

*ਗਿਆਨ ਹੀਣੰ ਅਗਿਆਨ ਪੂਜਾ ਅੰਧ ਵਰਤਾਵਾ ਭਾਉ ਦੂਜਾ ॥*

(ਸਲੋਕ ਵਾਰਾਂ ਤੇ ਵਧੀਕ, ਮ: ੧, ਅੰਗ ੧੪੧੨)

ਇਹ ਕੌੜਾ ਸੱਚ ਹੈ ਕਿ ਭੈ ਹਮੇਸ਼ਾ ਦੁਬਿਧਾ ਨੂੰ ਜਨਮ ਦਿੰਦਾ ਹੈ ਤੇ ਅਜਿਹਾ ਇਨਸਾਨ ਕਦੇ ਵੀ ਸਿਧਾਂਤਕ ਤੌਰ 'ਤੇ ਸਪੱਸ਼ਟ ਨਹੀਂ ਹੁੰਦਾ। ਜੋ ਸਪੱਸ਼ਟ ਨਹੀਂ, ਉਸ ਦਾ ਫ਼ੈਸਲਾ ਤੇ ਮੰਨਤਾ-ਮਨਾਉਤ ਵੀ ਦੋਧਾਰੀ ਹੋਵੇਗੀ। ਦੋ ਵਿਚਾਰ ਟਕਰਾਉਂਦੇ ਹੋਏ ਕੇਵਲ ਮਾਨਸਿਕ ਚਿੰਤਾ ਨੂੰ ਤੇ ਅੰਧ ਵਿਸ਼ਵਾਸਾਂ ਨੂੰ ਜਨਮ ਦੇਣਗੇ। ਰਾਗ ਬਸੰਤ ਵਿਚ ਗੁਰੂ ਜੀ ਫ਼ਰਮਾਉਂਦੇ ਹਨ ਕਿ ਦੁਬਿਧਾ ਦੁਰਮਤ ਹੈ ਤੇ ਇਸ ਵਿਚ ਕੀਤੀ ਹੋਈ ਕਾਰ ਕੇਵਲ ਅਗਿਆਨਤਾ ਵਾਲੀ ਹੁੰਦੀ ਹੈ। ਇਸ ਤਰ੍ਹਾਂ ਮਨਮੁਖ ਸਦਾ ਹਨੇਰੇ ਵਿਚ ਹੀ ਭਟਕਦਾ ਹੈ :

*ਦੁਬਿਧਾ ਦੁਰਮਤਿ ਅਧੁਲੀ ਕਾਰ।। ਮਨਮੁਖਿ ਭਰਮੈ ਮਝਿ ਗੁਬਾਰ ॥*

(ਬਸੰਤ ਮਹਲਾ ੧, ਅੰਗ ੧੧੯੦)

ਸਾਡੇ ਸਮਾਜ ਵਿਚ ਸ਼ੈਤਾਨ ਲੋਕ ਭਰਮੀ ਸਮਾਜ ਨੂੰ ਹਮੇਸਾਂ ਲੁੱਟਦੇ ਰਹੇ ਹਨ, ਕਿਉਂਕਿ ਭਰਮੀ ਮਨੁੱਖ ਨੂੰ ਹੋਰ ਭਰਮਾਂ ਵਿਚ ਪਾਉਣਾ ਬਹੁਤ ਸੌਖਾ ਹੁੰਦਾ ਹੈ, ਜਿਵੇਂ ਡਰੇ ਹੋਏ ਨੂੰ ਹੋਰ ਡਰਾਉਣਾ ਸੁਖਾਲਾ ਹੁੰਦਾ ਹੈ। ਅੱਜ ਵੀ ਦਿਨਾਂ-ਦਿਹਾਰਾਂ ਦੇ ਭਰਮ, ਥਿਤਾਂ-ਵਾਰਾਂ ਦੀਆਂ ਵੀਚਾਰਾਂ, ਸੂਰਜ-ਚੰਦ ਗ੍ਰਹਿਣ ਦਾ ਡਰ, ਧਾਗੇ-ਤਵੀਤਾਂ ਦਾ ਹਊਆ ਅੰਧ ਵਿਸ਼ਵਾਸੀ ਤੇ ਵਹਿਮੀ ਸਮਾਜ ਦੇ ਮਨਾਂ ਉੱਪਰ ਬੇਲੋੜਾ ਬੋਝ ਹੈ। ਗੁਰੂ ਜੀ ਜਗਤ ਗੁਰ ਬਾਬਾ ਸਨ ਤੇ ਉਹਨਾਂ ਨੇ ਨਿਰਭਉ ਤੇ ਨਿਰਵੈਰੁ ਪ੍ਰਭੂ ਦਾ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਸੰਸਾਰ ਨੂੰ ਵੀ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੱਤੀ। ਪੱਤਰੀਆਂ ਵਾਚ ਕੇ ਸਮਾਜ ਨੂੰ ਗੁੰਮਰਾਹ ਕਰਨ ਵਾਲਿਆਂ ਪ੍ਰਤੀ ਗੁਰੂ ਜੀ ਨੇ ਫ਼ਰਮਾਇਆ ਹੈ :

*ਗਣਿ ਗਣਿ ਜੋਤਕੁ ਕਾਡੀ ਕੀਨੀ।। ਪੜੈ ਸੁਣਾਵੈ ਤਤੁ ਨ ਚੀਨੀ।।*
*ਸਭਸੈ ਊਪਰਿ ਗੁਰ ਸਬਦੁ ਬੀਚਾਰੁ।। ਹੋਰ ਕਥਨੀ ਬਦਉ ਨ ਸਗਲੀ ਛਾਰੁ।।*

(ਰਾਮਕਲੀ ਮਹਲਾ ੧, ਅੰਗ ੯੦੪)


**www.sanvad.org**
ISSN : 2395-1273

ਇਸੇ ਤਰ੍ਹਾਂ ਭਰਮੀ ਤੇ ਅੰਧ-ਵਿਸ਼ਵਾਸੀ ਸਮਾਜ ਵਿਚ ਮੱਕਰ ਫ਼ਰੇਬ ਨਾਲ ਲੋਕਾਈ ਦਾ ਸ਼ੋਸ਼ਣ ਕਰਨ ਵਾਲਿਆਂ ਦੇ ਗ੍ਰੋਹ ਬਣਦੇ ਹਨ। ਗੁਰੂ ਜੀ ਨੇ ਇਕ ਤਸਵੀਰ ਪੇਸ਼ ਕੀਤੀ ਹੈ :

*ਗਿਆਨ ਵਿਹੂਣਾ ਗਾਵੈ ਗੀਤ।। ਭੁਖੇ ਮੁਲਾਂ ਘਰੇ ਮਸੀਤਿ॥*
*ਮਖਟੂ ਹੋਇ ਕੈ ਕੰਨ ਪੜਾਏ।। ਫਕਰੁ ਕਰੇ ਹੋਰੁ ਜਾਤਿ ਸਦਾਏ॥*

(ਰਾਗ ਸਾਰੰਗ, ਮਹਲਾ ੧, ਅੰਗ ੧੨੪੫)

ਇੱਥੇ ਗਿਆਨ ਤੋਂ ਸੱਖਣਾ ਦੂਜਿਆਂ ਨੂੰ ਗਾ-ਗਾ ਕੇ ਸੁਣਾਉਂਦਾ ਹੈ ਅਤੇ ਲਾਲਚੀ ਮਨੁੱਖ ਨੇ ਆਪਣੀ ਲਾਲਸਾ ਤੇ ਰੋਟੀ-ਰੋਜ਼ੀ ਲਈ ਘਰ ਵਿਚ ਹੀ ਅਡੰਬਰ ਰਚ ਲਿਆ। ਵਿਹਲੜ ਬੰਦਾ ਕੰਨ ਪੜਾ ਕੇ ਫ਼ਕੀਰ ਬਣਿਆਂ ਹੋਇਆ ਪੇਟ ਪੂਰਤੀ ਦਾ ਜੁਗਾੜ ਬਣਾਈ ਬੈਠਾ ਹੈ। ਅੱਗੇ ਗੁਰੂ ਜੀ ਨੇ ਕਿਰਤ ਵਿਹੂਣੇ ਗੁਰੂ-ਪੀਰਾਂ ਤੋਂ ਵੀ ਸਮਾਜ ਨੂੰ ਜਾਗ੍ਰਤ ਕੀਤਾ :

*ਗੁਰੁ ਪੀਰੁ ਸਦਾਏ ਮੰਗਣ ਜਾਇ।। ਤਾ ਕੈ ਮੂਲਿ ਨ ਲਗੀਐ ਪਾਇ।।*

ਇਸ ਸ਼ਬਦ ਦੇ ਅੰਤ ਵਿਚ ਤੱਤਸਾਰ ਹੈ ਕਿ ਜੋ ਮਿਹਨਤ ਮੁਸ਼ੱਕਤ ਨਾਲ ਕਮਾ ਕੇ ਨਾਮ ਜਪਦੇ ਤੇ ਵੰਡ ਕੇ ਛਕਦੇ ਹਨ, ਐਸੇ ਮਨੁੱਖ ਸਹੀ ਧਰਮ ਤੇ ਉਤਮ ਜੀਵਨ ਦੀ ਜੁਗਤ ਨੂੰ ਪਹਿਚਾਣਦੇ ਹਨ :

*ਘਾਲਿ ਖਾਇ ਕਿਛੁ ਹਥਹੁ ਦੇਇ ।। ਨਾਨਕ ਰਾਹੁ ਪਛਾਣਹਿ ਸੇਇ।।*

(ਰਾਗ ਸਾਰੰਗ, ਮਹਲਾ ੧, ਅੰਗ ੧੨੪੫)

ਦਰਅਸਲ ਕਿਰਤ ਵਿਹੂਣਾ ਨਿਖੱਟੂ ਵਰਗ ਕਈ ਵਾਰੀ ਅੰਧ-ਵਿਸ਼ਵਾਸ ਤੇ ਝੂਠੀਆਂ ਅਫ਼ਵਾਹਾਂ ਫੈਲਾ ਕੇ ਭੋਲੇ-ਭਾਲੇ ਸਮਾਜ ਨੂੰ ਆਪਣੇ ਵੱਲ ਆਕਰਸ਼ਤ ਕਰ ਲੈਂਦਾ ਹੈ। ਫਿਰ ਇਹਨਾਂ ਦੇ ਜਾਲ ਵਿਚ ਫਸਿਆ ਹੋਇਆ ਸਮਾਜ ਗਿਆਨ ਪ੍ਰਾਪਤੀ ਤੋਂ ਬਿਨਾ ਛੁਟਕਾਰਾ ਨਹੀਂ ਪਾ ਸਕਦਾ। ਇਸ ਤਰ੍ਹਾਂ ਦੇ ਲੋਕਾਂ ਦੀ ਦਸ਼ਾ ਦਾ ਵਰਣਨ ਹੈ:

*ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ॥* (ਵਾਰ ਮਲਾਰ ਕੀ, ਮਹਲਾ ੧, ਅੰਗ ੧੨੮੭)

ਅੱਜ ਵੀ ਭ੍ਰਿਸ਼ਟਾਚਾਰ ਤੋਂ ਲੈ ਕੇ ਰਿਸ਼ਵਤਖੋਰੀ, ਮਿਲਾਵਟਖੋਰੀ ਤੇ ਹਰ ਕਿਸਮ ਦੀ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਆਰਥਿਕ ਲੁੱਟ-ਖਸੁੱਟ ਆਮ ਜਨਤਾ ਦੀ ਰੱਤ ਪੀਣ ਸਮਾਨ ਹੈ। ਸਾਡੇ ਸਮਾਜ ਦਾ ਇਹ ਵੀ ਇਕ ਭਰਮ ਹੈ ਕਿ ਜੇ ਕਰ ਕੱਪੜਿਆਂ ਨੂੰ ਰੱਤ ਲੱਗ ਜਾਵੇ ਤਾਂ ਅਸੀਂ ਜਾਮਾ ਪਲੀਤ ਹੋਇਆ ਸਮਝਦੇ ਹਾਂ, ਪਰ ਜਿਹੜੇ ਲੋਕ ਕਿਸੇ ਪੱਖੋਂ ਵੀ ਮਾਨਵਤਾ ਦੀ ਰੱਤ ਪੀਂਦੇ ਜਾਂ ਸ਼ੋਸ਼ਣ ਕਰਦੇ ਹਨ ਤਾਂ ਫਿਰ ਉਹ ਨਿਰਮਲ ਜਾਂ ਪਵਿੱਤਰ ਕਿਵੇਂ ਹੋ ਸਕਦੇ ਹਨ? ਗੁਰੂ ਜੀ ਦਾ ਸੰਦੇਸ਼ ਐਸੇ ਲੋਕਾਂ ਲਈ ਪ੍ਰੇਰਨਾ ਹੈ:

*ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।*
*ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।।* (ਮਾਝ ਮਹਲਾ ੧, ਅੰਗ ੧੪੦)

ਭਾਵੇਂ ਇਸ ਧਰਤੀ ’ਤੇ ਕਿਰਤ ਕਰਨ ਵਾਲੇ, ਨਾਮ ਜਪਣ ਵਾਲੇ ਤੇ ਵੰਡ ਛਕਣ ਵਾਲੇ ਭਲੇ ਪੁਰਖਾਂ ਦੀ ਵੀ ਬਹੁਤਾਤ ਹੈ, ਜਿਹਨਾਂ ਦੇ ਜੀਵਨ ਵਿਚੋਂ ਗੁਰੂ ਨਾਨਕ ਸਿੱਖਿਆ ਪ੍ਰਤੱਖ ਝਲਕਦੀ ਹੈ, ਪਰ ਸਿੱਕੇ ਦੇ ਦੂਜੇ ਪਾਸੇ ਵਾਂਗ ਧਾਗੇ ਤਵੀਤ ਕਰਨ ਤੋਂ ਲੈ ਕੇ ਲਿਖ ਲਿਖ ਕੇ ਮੰਤਰ ਵੇਚਣ ਵਾਲੇ ਵੀ ਸਾਧਾਰਨ ਮਾਨਵਤਾ ਨੂੰ ਭਰਮ ਪਾ ਕੇ ਲੁੱਟਣ ਲਈ ਵੱਡੀ ਗਿਣਤੀ ’ਚ ਕਾਰਜਸ਼ੀਲ ਹਨ। ਗੁਰੂ ਜੀ ਦੇ ਇਹ ਬਚਨ ਸਮੂਹ ਮਾਨਵਤਾ ਨੂੰ ਜਾਗ੍ਰਤ ਕਰਦੇ ਹਨ:

*ਧ੍ਰਿਗ ਤਿਨਾ ਕਾ ਜੀਵਿਆ ਜਿ ਲਿਖ ਲਿਖ ਵੇਚਹਿ ਨਾਉ।।*

(ਸਾਰੰਗ ਕੀ ਵਾਰ, ਮਹਲਾ ੧, ਅੰਗ ੧੨੪੫)

ਤੱਤਸਾਰ ਵਜੋਂ ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਰਚਿਤ ਬਾਣੀ ਦੀ ਦ੍ਰਿਸ਼ਟੀ ਤੋਂ ਸਮਾਜ ਨੂੰ ਅੰਧ ਵਿਸ਼ਵਾਸਾਂ ਤੋਂ ਮੁਕਤ ਕਰਨਾ ਹੋਵੇ ਜਾਂ ਇਕ ਪਾਠਕ ਜਾਂ ਜਗਿਆਸੂ ਦਾ ਸਵਾਲ ਹੋਵੇ ਕਿ ਇਹਨਾਂ ਫੋਕਟ ਕਰਮਾਂ ਤੇ ਅੰਧ ਵਿਸ਼ਵਾਸਾਂ ਤੋਂ ਮੁਕਤੀ ਕਿਵੇਂ ਪ੍ਰਾਪਤ ਹੋਵੇ ਕਿ ਸਾਡਾ ਅੰਧ ਵਿਸ਼ਵਾਸੀ ਸਮਾਜ ਭੈ ਤੇ ਭਰਮ ਮੁਕਤ ਹੋਵੇ ਤਾਂ ਗੁਰੂ ਜੀ ਦਾ ਰਾਗ ਸੂਹੀ ਵਿਚ ਉਪਦੇਸ਼ ਹੈ, ਜਿਸ ਦੇ ਭਾਵ ਅਰਥ ਹਨ ਕਿ ਜਿਵੇਂ ਦੀਵੇ ਦੇ ਜਗਣ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਹੀ ਦੀਰਘ ਅਧਿਐਨ ਨਾਲ ਕੀਤੇ ਧਰਮ ਪੁਸਤਕਾਂ ਦੇ ਪਾਠ ਪਾਪਾਂ ਦੀ ਮੱਤ ਦਾ ਕਲਿਆਣ ਕਰ ਦਿੰਦੇ ਹਨ। ਜਿਵੇਂ ਸੂਰਜ ਦੇ ਪ੍ਰਕਾਸ਼ ਹੋਣ ਨਾਲ ਰਾਤ ਦਾ ਹਨੇਰਾ ਦਿਖਾਈ ਨਹੀਂ ਦਿੰਦਾ, ਇਸੇ ਤਰ੍ਹਾਂ ਗਿਆਨ ਦਾ ਪ੍ਰਕਾਸ਼ ਹੋਣ ਨਾਲ ਅਗਿਆਨਤਾ ਤੇ ਅੰਧ ਵਿਸ਼ਵਾਸਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਫ਼ਰਮਾਨ ਹੈ:

*ਦੀਵਾ ਬਲੈ ਅੰਧੇਰਾ ਜਾਇ।। ਬੇਦ ਪਾਠ ਮਤਿ ਪਾਪਾ ਖਾਇ।।*
*ਉਗਵੈ ਸੂਰੁ ਨ ਜਾਪੈ ਚੰਦੁ।। ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ।।* (ਅੰਗ ੭੯੧)